ਪੰਜਾਬ ਸਰਕਾਰ
ਰਾਸਟਰੀ ਸਿਹਤ ਮਿਸ਼ਨ
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38- ਬੀ ਚੰਡੀਗੜ, 160036
☎. 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./21/ਐਮ.ਐਚ.ਆਰ/65183 ਮਿਤੀ- 23/3/2021

**ਹੁਕਮ**

**ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ ਮਾਹਿਰ ਡਾਕਟਰਾਂ ਅਤੇ ਮੈਡੀਕਲ ਅਫਸਰਾਂ (MBBS) ਦੀ ਸੇਵਾਂਵਾ ਦੇਣ ਦੀ ਉਮਰ ਸਬੰਧੀ ਪਹਿਲਾਂ ਜਾਰੀ ਸਾਰੀਆਂ ਹਦਾਇਤਾਂ ਨੂੰ ਰੱਦ ਕਰਦੇ ਹੋਏ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕੀਤੇ ਜਾਂਦੇ ਹਨ:-**

1. ਐਨ.ਐਚ.ਐਮ. ਅਧੀਨ ਮਾਹਿਰ ਡਾਕਟਰਾਂ ਅਤੇ ਮੈਡੀਕਲ ਅਫਸਰਾਂ (MBBS) ਦੀ ਸੇਵਾਂਵਾ ਦੇਣ ਦੀ ਉਮਰ 65 ਸਾਲ ਹੋਵੇਗੀ ਬਸ਼ਰਤੇ ਉਹ ਮੈਡੀਕਲ ਤੌਰ ਤੇ ਆਪਣੀਆਂ ਸੇਵਾਵਾਂ ਦੇਣ ਲਈ ਫਿੱਟ ਹੋਣ।65 ਸਾਲ ਦਾ ਸਮਾਂ ਡਾਕਟਰਾਂ ਦੀ ਜਨਮ ਮਿਤੀ ਤੋਂ ਮੰਨਿਆ ਜਾਵੇਗਾ ਅਤੇ ਜਿਸ ਮਹੀਨੇ ਇਹ ਡਾਕਟਰ ਆਪਣੀ 65 ਸਾਲ ਦੀ ਉਮਰ ਪੂਰੀ ਕਰਨਗੇ ਉਸ ਮਹੀਨੇ ਦੀ ਆਖਰੀ ਮਿਤੀ ਨੂੰ ਐਨ.ਐਚ.ਐਮ. ਦੀਆਂ ਸੇਵਾਵਾਂ ਤੋਂ ਸੇਵਾ ਮੁਕਤ ਕਰ ਦਿੱਤਾ ਜਾਵੇਗਾ।
2. ਐਨ.ਐਚ.ਐਮ. ਅਧੀਨ ਮਾਹਿਰ ਡਾਕਟਰਾਂ ਅਤੇ ਮੈਡੀਕਲ ਅਫਸਰਾਂ (MBBS) ਦੀ ਨੌਕਰੀ ਵਿਚ ਆਉਣ/ਨਿਯੁਕਤੀ ਦੀ ਉਪਰੀ ਉਮਰ ਹੱਦ 64 ਸਾਲ ਹੋਵੇਗੀ।64 ਸਾਲ ਦੀ ਉਮਰ ਤੱਕ ਮਾਹਿਰ ਡਾਕਟਰਾਂ ਅਤੇ ਮੈਡੀਕਲ ਅਫਸਰਾਂ (MBBS) ਦੀ ਅਸਾਮੀ ਲਈ ਉਮੀਦਵਾਰਾਂ ਨੂੰ ਯੋਗ ਮੰਨਿਆ ਜਾਵੇਗਾ।
3. 60 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਹਰ ਇਕ ਮਾਹਿਰ ਡਾਕਟਰ ਅਤੇ ਮੈਡੀਕਲ ਅਫਸਰ (MBBS) ਨੂੰ ਆਪਣੀਆਂ ਸੇਵਾਵਾਂ ਵਿਚ ਅਗਲੇ ਸਾਲ ਲਈ ਵਾਧੇ ਸਮੇਂ ਮੈਡੀਕਲ ਫਿੱਟਨੈਸ ਸਰਟੀਫਿਕੇਟ ਦੇਣਾ ਜਰੂਰੀ ਹੋਵੇਗਾ।

**ਇਹ ਹੁਕਮ ਸਮਰੱਥ ਅਧਿਕਾਰੀਆਂ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾ ਰਹੇ ਹਨ ਅਤੇ ਹੁਕਮ ਤੁਰੰਤ ਲਾਗੂ ਹੋਣਗੇ।**

**ਕੁਮਾਰ ਰਾਹੁਲ, ਆਈ.ਏ.ਐਸ**
**ਮਿਸ਼ਨ ਡਾਇਰੈਕਟਰ ਐਨ.ਐਚ.ਐਮ.ਪੰਜਾਬ।**

ਨੰ. ਰ.ਸ.ਮ./ਪੰ./21/ਐਮ.ਐਚ.ਆਰ/65184-65190 ਮਿਤੀ- 23/3/2021

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ ਪ੍ਰਮੁੱਖ ਸਕੱਤਰ ਸਿਹਤ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਹਾਇਕ ਮਿਸ਼ਨ ਡਾਇਰੈਕਟਰ ਐਨ.ਐਚ.ਐਮ. ਨੂੰ ਮਾਨਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
3. ਡਾਇਰੈਕਟਰ ਸਿਹਤ ਸੇਵਾਂਵਾ ਪੰਜਾਬ।
4. ਡਾਇਰੈਕਟਰ ਪਰਿਵਾਰ ਭਲਾਈ ਪੰਜਾਬ।
5. ਸਮੂਹ ਸਬੰਧਤ ਸਿਵਲ ਸਰਜਨ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
6. ਡਾਇਰੈਕਟਰ ਵਿੱਤ ਐਨ.ਐਚ.ਐਮ. ਪੰਜਾਬ।
7. ਸਮੂਹ ਪ੍ਰੋਗਰਾਮ ਅਫਸਰ ਐਨ.ਐਚ.ਐਮ. ਅਤੇ ਦਫਤਰ ਡੀ.ਐਚ.ਐਸ. ਪੰਜਾਬ।

**ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**